# ਖੇਡਾਂ ਕਿੱਦਾਂ ਕੰਮ ਕਰਦੀਆਂ ਹਨ

# ਚਾਰ ਪੱਤੀ ਪੋਕਰ

## ਸੁਗਲ ਬਣਾਈ ਰੱਖੋ।
## ਖੇਡਣ ਤੋਂ ਪਹਿਲਾਂ ਸਿੱਖੋ ਕਿ ਖੇਡਾਂ ਕਿੱਦਾਂ ਕੰਮ ਕਰਦੀਆਂ ਹਨ।

ਚਾਰ ਪੱਤੀ ਪੋਕਰ ਵਿਚ ਤੁਹਾਨੂੰ ਪੰਜ ਪੱਤੇ ਮਿਲਦੇ ਹਨ ਜਿਨ੍ਹਾਂ ਵਿਚੋਂ ਤੁਸੀਂ ਆਪਣਾ ਬਿਹਤਰੀਨ (ਬੈੱਸਟ) ਚਾਰ-ਪੱਤੀ ਹੱਥ ਬਣਾਉਣਾ ਹੈ। ਡੀਲਰ ਨੂੰ ਬਿਹਤਰੀਨ ਚਾਰ-ਪੱਤੀ ਹੱਥ ਬਣਾਉਣ ਲਈ ਛੇ ਪੱਤੇ ਮਿਲਦੇ ਹਨ। ਤੁਸੀਂ ਫੈਸਲਾ ਕਰਦੇ ਹੋ ਕਿ ਕਦੋਂ ਅਤੇ ਕਿੰਨੇ ਪੈਸੇ ਦਾਅ 'ਤੇ ਲਾਉਣੇ ਹਨ। ਖੇਡਣ ਦੇ ਤਿੰਨ ਤਰੀਕੇ ਹਨ: ਡੀਲਰ ਵਿਰੁੱਧ ਖੇਡਣਾ, ਯੱਕੇ ਸਿੱਧੇ ਕਰਕੇ ਖੇਡਣਾ, ਜਾਂ ਦੋਵੇਂ ਤਰ੍ਹਾਂ ਖੇਡਣਾ।

**ਡੀਲਰ ਵਿਰੁੱਧ ਖੇਡਣਾ:** ਡੀਲਰ ਦੇ ਹੱਥ ਵਿਰੁੱਧ ਖੇਡਣ ਵਾਸਤੇ ਪਹਿਲਾਂ ਦਾਅ (ਐਂਟੇ) ਲਾਉਣ ਵਾਲੀ ਜਗ੍ਹਾ 'ਤੇ ਦਾਅ ਲਾਓ। ਬਿਹਤਰੀਨ ਚਾਰ-ਪੱਤੀ ਹੱਥ ਜਿੱਤਦਾ ਹੈ। ਜੇ ਬਰਾਬਰ ਹੋਵੇ ਤਾਂ ਤੁਸੀਂ ਜਿੱਤਦੇ ਹੋ।

ਜੇ ਤੁਸੀਂ ਐਂਟੇ ਵੇਜਰ 'ਤੇ ਦਾਅ ਲਾਉਂਦੇ ਹੋ ਅਤੇ ਪੱਤੇ ਦੇਖਣ ਬਾਅਦ ਵੀ ਖੇਡ ਵਿਚ ਸ਼ਾਮਲ ਰਹਿਣਾ ਚਾਹੁੰਦੇ ਹੋ ਤਾਂ ਤੁਹਾਨੂੰ ਹੋਰ ਦਾਅ (ਪਲੇਅ ਵੇਜਰ) ਲਾਉਣਾ ਪਵੇਗਾ ਜਿਹੜਾ ਘੱਟੋ ਘੱਟ ਐਂਟੇ ਦੇ ਬਰਾਬਰ ਹੋਵੇ ਪਰ ਐਂਟੇ ਤੋਂ ਤਿੰਨ ਗੁਣਾ ਵੱਧ ਤੱਕ ਵੀ ਹੋ ਸਕਦਾ ਹੈ। ਤੁਹਾਡਾ ਚਾਰ-ਪੱਤੀ ਪੋਕਰ ਹੱਥ ਡੀਲਰ ਦੇ ਚਾਰ-ਪੱਤੀ ਹੱਥ ਦੇ ਵਿਰੋਧ 'ਚ ਹੈ ਅਤੇ ਬਿਹਤਰੀਨ ਹੱਥ ਜਿੱਤਦਾ ਹੈ। ਐਂਟੇ ਅਤੇ ਪਲੇਅ ਬੈੱਟ ਦੇ ਦਾਅ ਬਰਾਬਰ ਦੇ ਪੈਸੇ ਅਦਾ ਕਰਦੇ ਹਨ।

**ਯੱਕੇ ਸਿੱਧੇ ਕਰਕੇ ਖੇਡਣਾ:** ਯੱਕੇ ਸਿੱਧੇ ਕਰਕੇ ਖੇਡਣ ਵਾਲੀ ਜਗ੍ਹਾ ਦਾਅ ਲਾਓ ਅਤੇ ਜਦੋਂ ਤੁਹਾਨੂੰ ਯੱਕਿਆਂ ਦਾ ਜੋੜਾ ਜਾਂ ਇਸ ਤੋਂ ਚੰਗਾ ਹੱਥ ਪਵੇ ਤਾਂ ਜਿੱਤੋ। ਯੱਕੇ ਸਿੱਧੇ ਖੇਡ ਵਿੱਚ ਬੋਨਸ ਦੇ ਪੈਸੇ ਹਮੇਸ਼ਾਂ ਮਿਲਦੇ ਹਨ ਭਾਵੇਂ ਡੀਲਰ ਦਾ ਹੱਥ ਬਿਹਤਰ ਵੀ ਹੋਵੇ।

**ਆਟੋਮੈਟਿਕ ਬੋਨਸ:** ਬਾਜੀ ਵਿਚਲੇ ਸਭ ਤੋਂ ਬਿਹਤਰ ਤਿੰਨ ਹੱਥਾਂ - ਫੋਰ ਆਫ ਏ ਕਾਈਂਡ, ਸਟਰੇਟ ਫਲੱਸ਼, ਅਤੇ ਥਰੀ ਆਫ ਏ ਕਾਈਂਡ - ਨੂੰ ਐਂਟੇ ਦੇ ਦਾਅ 'ਤੇ ਆਟੋਮੈਟਿਕ ਬੋਨਸ ਮਿਲਦਾ ਹੈ। ਆਟੋਮੈਟਿਕ ਬੋਨਸ ਉਦੋਂ ਵੀ ਅਦਾ ਕੀਤੇ ਜਾਂਦੇ ਹਨ ਜਦੋਂ ਡੀਲਰ ਦਾ ਹੱਥ ਬਿਹਤਰ ਵੀ ਹੋਵੇ।

### ਮੁੱਢਲਾ ਦਾਅ-ਪੇਚ

| ਖਿਡਾਰੀ ਦਾ ਹੱਥ | ਦਾਅ-ਪੇਚ |
|---|---|
| ਦੁੱਕੀਆਂ ਦਾ ਜੋੜਾ ਜਾਂ ਘੱਟ | ਪੱਤੇ ਸੁੱਟੋ (ਫੋਲਡ) |
| ਤਿੱਕੀਆਂ ਤੋਂ ਨੈਂਲਿਆਂ ਤੱਕ | ਬੈੱਟ 1 X ਐਂਟੇ |
| ਦੈੱਲ੍ਹਿਆਂ ਦਾ ਜੋੜਾ ਜਾਂ ਬਿਹਤਰ | ਬੈੱਟ 3 X ਐਂਟੇ |

ਜਿਸ ਤਰ੍ਹਾਂ ਦਾਅ-ਪੇਚ ਦਾ ਆਦੇਸ਼ ਹੈ, ਤਿੱਕੀਆਂ ਦੇ ਜੋੜੇ ਤੋਂ ਘੱਟ ਪੱਤੇ ਸੁੱਟ ਦੇਣੇ ਚਾਹੀਦੇ ਹਨ। ਇਸ ਦਾ ਅਰਥ ਹੈ ਕਿ ਤੁਹਾਨੂੰ ਚਾਰ, ਪੰਜ ਜਾਂ ਛੇ ਵਾਰ ਤੱਕ ਵੀ ਪੱਤੇ ਸੁੱਟਣੇ ਪੈ ਸਕਦੇ ਹਨ। ਤੁਹਾਨੂੰ ਦਾਅ (ਪਲੇਅ-ਬੈੱਟ) ਲਾਉਣ ਲਈ ਚੰਗੇ ਹੱਥ ਦੀ ਉਡੀਕ ਕਰਨੀ ਚਾਹੀਦੀ ਹੈ।

ਤੁਹਾਡੇ ਕੋਲ ਇਹ ਮੌਕਾ ਹੁੰਦਾ ਹੈ ਕਿ ਤੁਸੀਂ ਆਪਣੇ ਪਲੇਅ ਬੈੱਟ ਨੂੰ ਵਧ ਤੋਂ ਵਧ ਵਧਾ ਸਕੋ। ਡੀਲਰ ਦਾ ਔਸਤਨ ਹੱਥ ਨੈਂਲਿਆਂ ਦਾ ਜੋੜਾ ਹੁੰਦਾ ਹੈ, ਇਸ ਲਈ ਜਦੋਂ ਤੁਹਾਡੇ ਕੋਲ ਦੈੱਲ੍ਹੇ ਜਾਂ ਬਿਹਤਰ ਪੱਤੇ ਹੋਣ ਤਾਂ ਤੁਹਾਡੇ ਜਿੱਤਣ ਦੇ ਵਧ ਮੌਕੇ ਹੁੰਦੇ ਹਨ।

### ਹੱਥਾਂ ਦੀ ਦਰਜਾਬੰਦੀ (ਰੈਂਕਿੰਗ)

- ਫੋਰ ਆਫ ਏ ਕਾਈਂਡ
- ਸਟਰੇਟ ਫਲੱਸ਼
- ਥਰੀ ਆਫ ਏ ਕਾਈਂਡ
- ਫਲੱਸ਼
- ਸਟਰੇਟ
- ਦੋ ਜੋੜੇ
- ਜੋੜਾ

### ਐਂਟੇ ਬੋਨਸ ਦਾ ਆਦਾਇਗੀ ਟੇਬਲ

| ਹੱਥ ਦਾ ਮੁੱਲ | ਬੋਨਸ ਦੀ ਅਦਾਇਗੀ |
|---|---|
| ਫੋਰ ਆਫ ਏ ਕਾਈਂਡ | 25 X ਐਂਟੇ ਵੇਜਰ |
| ਸਟਰੇਟ ਫਲੱਸ਼ | 20 X ਐਂਟੇ ਵੇਜਰ |
| ਥਰੀ ਆਫ ਏ ਕਾਈਂਡ | 2 X ਐਂਟੇ ਵੇਜਰ |

### ਸਿੱਧੇ ਯੱਕਿਆਂ ਦੀ ਅਦਾਇਗੀ ਦੀ ਸੂਚੀ

| ਹੱਥ ਦਾ ਮੁੱਲ | ਬੋਨਸ ਦੀ ਅਦਾਇਗੀ |
|---|---|
| ਫੋਰ ਆਫ ਏ ਕਾਈਂਡ | 50 ਟੂ 1 |
| ਸਟਰੇਟ ਫਲੱਸ਼ | 30 ਟੂ 1 |
| ਥਰੀ ਆਫ ਏ ਕਾਈਂਡ | 7 ਟੂ 1 |
| ਫਲੱਸ਼ | 6 ਟੂ 1 |
| ਸਟਰੇਟ | 5 ਟੂ 1 |
| ਦੋ ਜੋੜੇ | 2 ਟੂ 1 |
| ਯੱਕਿਆਂ ਦਾ ਜੋੜਾ | 1 ਟੂ 1 |

**ਮੇਜ਼ 'ਤੇ ਖੇਡਣ ਵਾਲੀਆਂ ਹੋਰ ਖੇਡਾਂ ਬਾਰੇ ਜਾਣਨ ਲਈ ਡੀਲਰ ਸੁਪਰਵਾਈਜ਼ਰ ਨੂੰ ਪੁੱਛੋ, ਇਸ ਜਗ੍ਹਾ ਦੇ ਗੇਮਸੈਂਸ ਇਨਫੋ ਸੈਂਟਰ 'ਤੇ ਜਾਵੋ ਜਾਂ ਏਥੇ ਦੇਖੋ : www.bclc.com**

Four Card Poker [Punjabi] 07/12

bclc playing it right

GameSense

engage your GameSense.ca